# ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ



**ਸ. ਪ੍ਰਕਾਸ਼ ਸਿੰਘ ਬਾਦਲ**
ਮੁੱਖ ਮੰਤਰੀ,
ਪੰਜਾਬ



**ਸ. ਸੁਖਬੀਰ ਸਿੰਘ ਬਾਦਲ**
ਉਪ ਮੁੱਖ ਮੰਤਰੀ,
ਪੰਜਾਬ



**ਸ. ਗੁਲਜ਼ਾਰ ਸਿੰਘ ਰਣੀਕੇ**
ਕੈਬਨਿਟ ਮੰਤਰੀ, ਭਲਾਈ ਵਿਭਾਗ,
ਪੰਜਾਬ



**ਸ਼੍ਰੀ ਪਵਨ ਕੁਮਾਰ ਟੀਨੂੰ,**
ਮੁੱਖ ਸੰਸਦੀ ਸਕੱਤਰ,
ਪੰਜਾਬ

## ਸਿਵਲ ਸਰਵਿਸਿਜ(ਪ੍ਰੀਲਿਮਨਰੀ)/ਪੀ.ਸੀ.ਐਸ.(ਪ੍ਰੀਲਿਮਨਰੀ) ਪ੍ਰੀਖਿਆ-2015 ਲਈ ਫ੍ਰੀ ਕੋਚਿੰਗ ਲਈ ਦਾਖਲਾ ਸੂਚਨਾ

ਅੰਬੇਦਕਰ ਇੰਸਟੀਚਿਊਟ ਆਫ ਕਰੀਅਰਜ ਐਂਡ ਕੋਰਸਿਜ, ਫੇਸ-।।।-ਬੀ-2, ਐਸ.ਏ.ਐਸ.ਨਗਰ ਮੁਹਾਲੀ ਵਿਖੇ ਸਿਵਲ ਸਿਵਲ ਸਰਵਿਸਿਜ(ਪ੍ਰੀਲਿਮਨਰੀ)/ਪੀ.ਸੀ.ਐਸ.(ਪ੍ਰੀਲਿਮਨਰੀ) ਪ੍ਰੀਖਿਆ-2015 ਲਈ ਪੰਜਾਬ ਦੇ ਪੱਕੇ ਵਸਨੀਕ ਯੋਗ ਗਰੈਜੂਏਟ, ਅਨੁਸੂਚਿਤ ਜਾਤੀਆਂ, ਹੋਰ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਸਮੁਦਾਇ (ਮੁਸਲਿਮ, ਸਿੱਖ, ਇਸਾਈ, ਬੋਧੀ ਅਤੇ ਪਾਰਸੀ) ਉਮੀਦਵਾਰਾਂ ਤੋਂ ਬਿਨੈ ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ। ਉਮੀਦਵਾਰ ਦੇ ਮਾਪਿਆਂ ਦੀ ਸਾਰੇ ਵਸੀਲਿਆ ਤੋਂ ਆਮਦਨ 1.00 ਲੱਖ ਰੁਪਏ ਪ੍ਰਤੀ ਸਾਲ ਤੋਂ ਵਧੇਰੇ ਨਹੀਂ ਹੋਣੀ ਚਾਹੀਦੀ। ਕੋਰਸ ਦੀਆਂ 40 ਸੀਟਾਂ ਵਿਚੋਂ 50% ਸੀਟਾਂ ਅਨੁਸੂਚਿਤ ਜਾਤੀਆਂ, 30% ਸੀਟਾਂ ਹੋਰ ਪੱਛੜੀਆਂ ਸ਼੍ਰੇਣੀਆਂ ਲਈ ਅਤੇ 20% ਸੀਟਾਂ ਘੱਟ ਗਿਣਤੀ ਵਰਗ ਨਾਲ ਸਬੰਧਤ ਉਮੀਦਵਾਰਾਂ ਲਈ ਰਾਖਵੀਆਂ ਹਨ, ਬਸ਼ਰਤੇ ਕਿ ਉਪਲਬਧਤਾ ਦੇ ਤਹਿਤ ਹਰੇਕ ਸ਼੍ਰੇਣੀ ਵਿਚ 30% ਮਹਿਲਾਵਾਂ ਅਤੇ 5% ਅਪਾਹਜ ਉਮੀਦਵਾਰ ਸ਼ਾਮਲ ਕੀਤੇ ਜਾ ਸਕਦੇ ਹਨ। ਹਰੇਕ ਚੁਣੇ ਗਏ ਉਮੀਦਵਾਰ ਨੂੰ ਸਰਕਾਰੀ ਨਿਯਮਾਂ ਦੇ ਅਨੁਸਾਰ ਮੁਫਤ ਕੋਚਿੰਗ, ਮੁਫਤ ਹੋਸਟਲ ਆਵਾਸ ਅਤੇ ਵਿੱਤੀ ਸਹਾਇਤਾ ਮੁਹੱਈਆ ਕੀਤੀ ਜਾਵੇਗੀ। ਉਹਨਾਂ ਉਮੀਦਵਾਰਾਂ ਜਿਨ੍ਹਾਂ ਨੇ ਕਿਸੇ ਰਾਜ ਸਰਕਾਰ, ਭਾਰਤ ਸਰਕਾਰ, ਸੰਸਥਾ ਤੋਂ ਸਕੀਮ ਅਧੀਨ ਦੋ ਵਾਰੀ ਕੋਚਿੰਗ ਪ੍ਰਾਪਤ ਕੀਤੀ ਹੈ, ਨੂੰ ਵਿਚਾਰਿਆ ਨਹੀਂ ਜਾਵੇਗਾ। ਉਮੀਦਵਾਰ ਦੀ ਚੋਣ ਜਨਰਲ ਸਟੱਡੀਜ, ਮੈਂਟਲ ਐਬਿਲਟੀ ਦੇ ਆਬਜੈਕਟਿਵ ਟਾਈਪ ਟੈਸਟ ਦੇ ਆਧਾਰ ਤੇ ਕੀਤੀ ਜਾਵੇਗੀ, ਜੋ ਕਿ ਮਿਤੀ 28.10.2014 ਨੂੰ ਸਵੇਰੇ 11.00 ਵਜੇ ਅੰਬੇਡਕਰ ਇੰਸਟੀਚਿਊਟ ਆਫ ਕੈਰੀਅਰਜ ਐਂਡ ਕੋਰਸਿਜ, ਫੇਸ-।।।-ਬੀ-2, ਐਸ.ਏ.ਐਸ. ਨਗਰ ਮੁਹਾਲੀ ਵਿਚ ਆਯੋਜਿਤ ਕੀਤਾ ਜਾਵੇਗਾ। ਉਮੀਦਵਾਰ ਟੈਸਟ ਦੇ ਸਮੇਂ ਤੇ ਇੱਕ ਪਾਸਪੋਰਟ ਆਕਾਰ ਦੀ ਫੋਟੋਗ੍ਰਾਫ ਅਤੇ ਇੱਕ ਫੋਟੋ ਪਹਿਚਾਣ ਪੱਤਰ ਸਬੂਤ ਨਾਲ ਲੈ ਕੇ ਆਉਣ। ਚੁਣੇ ਗਏ ਉਮੀਦਵਾਰਾਂ ਨੂੰ ਕੋਰਸ ਵਿਚ ਸ਼ਾਮਿਲ ਹੋਣ ਦੇ ਸਮੇਂ ਅਸਲ ਦਸਤਾਵੇਜਾਂ ਸਹਿਤ ਆਮਦਨ ਦਾ ਸਬੂਤ ਪੇਸ਼ ਕਰਨਾ ਹੋਵੇਗਾ। ਬੈਚ ਮਿਤੀ 10.11.2014 ਤੋਂ ਸ਼ੁਰੂ ਹੋਵੇਗਾ। ਹੋਰ ਵੇਰਵਿਆਂ ਲਈ ਫੋਨ ਨੰਬਰ 0172-2228396 ਤੇ ਸੰਪਰਕ ਕਰੋ।

ਵਿਦਿਅਕ ਯੋਗਤਾਵਾਂ, ਉਮਰ, ਜਾਤੀ ਅਤੇ ਡੋਮੀਸਾਈਲ ਦੇ ਸਮਰਥਨ ਵਿਚ ਸਾਰੇ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਅਤੇ ਇੱਕ ਤਾਜ਼ਾ ਪਾਸਪੋਰਟ ਆਕਾਰ ਦੀ ਤਸਦੀਕਸ਼ੁਦਾ ਫੋਟੋ ਸਹਿਤ ਹੇਠਾਂ ਦਿੱਤੇ ਫਾਰਮੇਟ ਵਿਚ ਬਿਨੇ-ਪੱਤਰ ਮਿਤੀ 20.10.2014 ਨੂੰ ਜਾਂ ਇਸ ਤੋਂ ਪਹਿਲਾਂ ਹੀ ਪ੍ਰਿੰਸੀਪਲ, ਅੰਬੇਡਕਰ ਇੰਸਟੀਚਿਊਟ ਆਫ ਕਰੀਅਰਜ ਐਂਡ ਕੋਰਸਿਜ, ਫੇਸ-।।।-ਬੀ-2, ਮੁਹਾਲੀ ਦੇ ਦਫਤਰ ਵਿਚ ਪਹੁੰਚ ਜਾਣੇ ਚਾਹੀਦੇ ਹਨ।

ਡਾਇਰੈਕਟਰ

### ਬਿਨੇ-ਪੱਤਰ ਲਈ ਫਾਰਮੈਟ

1. ਉਮੀਦਵਾਰ ਦਾ ਨਾਂਅ
2. ਪਿਤਾ ਦਾ ਨਾਂਅ
3. ਜਨਮ ਮਿਤੀ
4. ਸਥਾਈ ਪਤਾ
5. ਪੱਤਰ-ਵਿਹਾਰ ਦਾ ਪਤਾ
   (ਫੋਨ ਨੰ: ਅਤੇ ਈਮੇਲ ਪਤੇ ਸਹਿਤ)
6. ਵਰਗ(ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਘੱਟ ਗਿਣਤੀ)
7. ਜਾਤੀ
8. ਗ੍ਰੈਜੂਏਸ਼ਨ ਵਿੱਚ ਅੰਕਾਂ ਦੀ ਪ੍ਰਤੀਸ਼ਤਤਾ
9. ਗ੍ਰੈਜੂਏਸ਼ਨ ਤੋਂ ਬਾਅਦ ਪਾਸ ਕੀਤੀ ਕੋਈ ਹੋਰ ਪ੍ਰੀਖਿਆ
   ਜੇਕਰ ਹਾਂ ਤਾਂ ਪਾਸ ਕੀਤੀ ਪ੍ਰੀਖਿਆ ਦੱਸੋ
10. ਸਾਰੇ ਸਰੋਤਾਂ ਤੋਂ ਪਰਿਵਾਰਕ ਆਮਦਨ
11. ਟ੍ਰੇਨਿੰਗ ਦਾ ਅਰਸਾ ਅਤੇ ਸੰਸਥਾ ਦੇ ਨਾਂਅ ਸਹਿਤ
    ਪਹਿਲਾਂ ਪ੍ਰਾਪਤ ਕੀਤੀ ਕੋਚਿੰਗ ਦਾ ਵੇਰਵਾ

ਫੋਟੋ

ਉਮੀਦਵਾਰ ਦੇ ਹਸਤਾਖਰ

ਪੰਜਾਬ ਸਰਕਾਰ

PR-2014/2418-D